# Website Privacy Statement
# [ਵੈੱਬਸਾਈਟ ਗੁਪਤਤਾ ਸਟੇਟਮੈਂਟ]

## ਸੁਰੱਖਿਆ

My Aged Care ਵੈੱਬਸਾਈਟ ਤੁਹਾਡੀ ਨਿੱਜੀ ਜਾਣਕਾਰੀ ਨੂੰ ਸਟੋਰ ਨਹੀਂ ਕਰਦੀ ਹੈ। ਇਸ ਵੈੱਬਸਾਈਟ ਉੱਤੇ ਇਕੱਠੀ ਕੀਤੀ ਗਈ ਜਾਣਕਾਰੀ My Aged Care ਸਿਸਟਮ ਵਿੱਚ ਸਟੋਰ ਕੀਤੀ ਜਾਂਦੀ ਹੈ, ਜਿਸ ਤੱਕ ਸਿਰਫ਼ ਅਧਿਕਾਰਿਤ ਲੋਕਾਂ ਨੂੰ ਹੀ ਪਹੁੰਚ ਹੁੰਦੀ ਹੈ।

ਇਸ ਵੈੱਬਸਾਈਟ ਨੂੰ ਸਾਈਟ ਸੁਰੱਖਿਆ ਦੇ ਉੱਚ ਪੱਧਰ ਤੱਕ ਟੈਸਟ ਕੀਤਾ ਗਿਆ ਹੈ। ਹਾਲਾਂਕਿ, ਵਰਤੋਂਕਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਇੰਟਰਨੈੱਟ ਰਾਹੀਂ ਜਾਣਕਾਰੀ ਭੇਜਣ ਵਿੱਚ ਕੁੱਝ ਸੁਭਾਵਿਕ ਜ਼ੋਖਮ ਹੁੰਦੇ ਹਨ, ਜਿਸ ਵਿੱਚ ਇਹ ਜ਼ੋਖਮ ਵੀ ਸ਼ਾਮਲ ਹੈ ਕਿ ਕਿਸੇ ਵੈੱਬਸਾਈਟ ਨੂੰ ਭੇਜੀ ਜਾਂ ਵੈੱਬਸਾਈਟ ਤੋਂ ਮਿਲੀ ਜਾਣਕਾਰੀ ਤੀਜੀ ਧਿਰ ਵੱਲੋਂ ਰੋਕੀ, ਖ਼ਰਾਬ ਕੀਤੀ ਜਾਂ ਬਦਲੀ ਜਾ ਸਕਦੀ ਹੈ। ਜੇਕਰ ਤੁਹਾਨੂੰ ਸੁਰੱਖਿਆ ਬਾਰੇ ਕੋਈ ਚਿੰਤਾਵਾਂ ਹਨ, ਜਾਂ ਜੇਕਰ ਤੁਸੀਂ ਆਪਣੀ ਨਿੱਜੀ ਜਾਣਕਾਰੀ ਕਿਸੇ ਹੋਰ ਤਰੀਕੇ ਨਾਲ ਦੇਣਾ ਚਾਹੁੰਦੇ ਹੋ (ਜਿਵੇਂ ਕਿ ਫ਼ੋਨ ਰਾਹੀਂ ਜਾਂ ਕਾਗਜ਼ੀ ਫਾਰਮ ਰਾਹੀਂ), ਤਾਂ ਤੁਸੀਂ Contact Centre ਨਾਲ 1800 200 422 ’ਤੇ ਸੰਪਰਕ ਕਰ ਸਕਦੇ ਹੋ।

## ਵਿਸ਼ਲੇਸ਼ਣ

ਸਾਡੀ ਵੈੱਬਸਾਈਟ 'ਤੇ ਤੁਹਾਡੇ ਅਨੁਭਵ ਨੂੰ ਬਿਹਤਰ ਬਣਾਉਣ ਲਈ, ਅਸੀਂ 'ਕੁਕੀਜ਼' ਦੀ ਵਰਤੋਂ ਕਰ ਸਕਦੇ ਹਾਂ। ਕੁਕੀਜ਼ ਇੱਕ ਉਦਯੋਗਿਕ ਮਿਆਰ ਹੁੰਦੀਆਂ ਹਨ, ਅਤੇ ਜ਼ਿਆਦਾਤਰ ਵੱਡੀਆਂ ਵੈੱਬਸਾਈਟਾਂ ਇਨ੍ਹਾਂ ਦੀ ਵਰਤੋਂ ਕਰਦੀਆਂ ਹਨ।

ਜਦੋਂ ਤੁਸੀਂ ਇਸ ਵੈੱਬਸਾਈਟ ’ਤੇ ਆਉਂਦੇ ਹੋ, ਇਹ ਵਿਭਾਗ ਤੁਹਾਡੀ ਫੇਰੀ ਦਾ ਰਿਕਾਰਡ ਬਣਾਉਂਦਾ ਹੈ ਅਤੇ ਅੰਕੜਿਆਂ ਜਾਂ ਸਿਸਟਮ ਪ੍ਰਬੰਧਨ ਦੇ ਉਦੇਸ਼ਾਂ ਲਈ ਹੇਠ ਲਿਖੀ ਜਾਣਕਾਰੀ ਨੂੰ ਰਿਕਾਰਡ ਕਰਦਾ ਹੈ:

- ਵਰਤੋਂਕਾਰ ਦਾ ਸਰਵਰ ਪਤਾ
- ਵਰਤੋਂਕਾਰ ਦਾ ਟੌਪ-ਲੈਵਲ ਡੋਮੇਨ ਨਾਮ
- ਇਸ ਵੈੱਬਸਾਈਟ ਤੱਕ ਪਹੁੰਚ ਕਰਨ ਦੀ ਮਿਤੀ ਅਤੇ ਸਮਾਂ
- ਖੋਲ੍ਹੇ ਗਏ ਪੰਨੇ ਅਤੇ ਡਾਊਨਲੋਡ ਕੀਤੇ ਗਏ ਦਸਤਾਵੇਜ਼
- ਪਹਿਲਾਂ ਵਿਜ਼ਿਟ ਕੀਤੀ ਗਈ ਵੈੱਬਸਾਈਟ
- ਵਰਤੇ ਗਏ ਬ੍ਰਾਊਜ਼ਰ ਦੀ ਕਿਸਮ।

ਇਹ ਜਾਣਕਾਰੀ ਸਾਡੀ ਵੈੱਬਸਾਈਟ ਵਿੱਚ ਟੁੱਟੇ ਹੋਏ ਲਿੰਕ, ਰੁਕਾਵਟਾਂ ਅਤੇ ਹੋਰ ਸਾਈਟ ਸੰਬੰਧੀ ਸਮੱਸਿਆਵਾਂ ਦੀ ਪਛਾਣ ਕਰਨ ਲਈ ਵਿਸ਼ਲੇਸ਼ਣ ਕੀਤੀ ਜਾਂਦੀ ਹੈ। ਅਸੀਂ ਇਸ ਜਾਣਕਾਰੀ ਦੀ ਵਰਤੋਂ ਤੁਹਾਡੀ ਸਹੂਲਤ ਲਈ ਸਾਡੀ ਵੈੱਬਸਾਈਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਅਤੇ ਬਣਾਈ ਰੱਖਣ ਲਈ ਕਰਦੇ ਹਾਂ।

ਕਿਸੇ ਵੀ ਵੈੱਬਸਾਈਟ ਸੈਸ਼ਨ ਦੌਰਾਨ ਵਰਤੋਂਕਾਰ ਨਾਲ ਸੰਪਰਕ ਬਣਾਈ ਰੱਖਣ ਲਈ ਵਿਭਾਗ ਕੂਕੀਜ਼ ਦੀ ਵਰਤੋਂ ਕਰਦਾ ਹੈ। ਕੂਕੀ ਇੱਕ ਛੋਟੀ ਫਾਈਲ ਹੁੰਦੀ ਹੈ ਜੋ ਵਿਭਾਗ ਵੱਲੋਂ ਦਿੱਤੀ ਜਾਂਦੀ ਹੈ, ਅਤੇ ਜਦੋਂ ਤੁਸੀਂ ਸਾਡੀ ਸਾਈਟ ਦੀ ਵਰਤੋਂ ਕਰਦੇ ਹੋ ਤਾਂ ਤੁਹਾਡੇ ਕੰਪਿਊਟਰ 'ਤੇ ਵੈੱਬ ਬ੍ਰਾਊਜ਼ਰ ਸੌਫ਼ਟਵੇਅਰ ਦੁਆਰਾ ਸਟੋਰ ਕੀਤੀ ਜਾਂਦੀ ਹੈ। ਕੂਕੀਜ਼ ਸਾਨੂੰ ਤੁਹਾਨੂੰ ਇੱਕ ਵਿਅਕਤੀਗਤ ਵੈੱਬ ਵਰਤੋਂਕਾਰ ਵਜੋਂ ਪਛਾਣਨ ਵਿੱਚ ਮਦਦ ਕਰਦੀਆਂ ਹਨ, ਜਦੋਂ ਤੁਸੀਂ ਸਾਡੀ ਵੈੱਬਸਾਈਟ 'ਤੇ ਬ੍ਰਾਊਜ਼ ਕਰਦੇ ਹੋ।

ਇਸ ਵੈੱਬਸਾਈਟ ਵੱਲੋਂ ਦੋ ਕਿਸਮ ਦੀਆਂ ਕੂਕੀਜ਼ ਦੀ ਵਰਤੋਂ ਕੀਤੀ ਜਾ ਸਕਦੀ ਹੈ:

### *ਸੈਸ਼ਨ ਕੂਕੀਜ਼*

ਇਹ ਸਿਰਫ਼ ਉਸ ਸਮੇਂ ਤੱਕ ਹੀ ਮੌਜੂਦ ਰਹਿੰਦੀਆਂ ਹਨ ਜਦੋਂ ਤੱਕ ਤੁਸੀਂ ਕਿਸੇ ਖ਼ਾਸ ਵੈੱਬਸਾਈਟ/ਹੋਸਟ ਨਾਲ ਵੈੱਬ ਬ੍ਰਾਊਜ਼ਰ ਸੈਸ਼ਨ ਵਿੱਚ ਹੁੰਦੇ ਹੋ। ਜਦੋਂ ਤੁਸੀਂ ਆਪਣਾ ਇੰਟਰਨੈੱਟ ਸੈਸ਼ਨ ਖ਼ਤਮ ਕਰਦੇ ਹੋ ਜਾਂ ਆਪਣਾ ਕੰਪਿਊਟਰ ਬੰਦ ਕਰਦੇ ਹੋ ਤਾਂ ਸਾਰੀਆਂ ਕੂਕੀਜ਼ ਤੁਰੰਤ ਖ਼ਤਮ ਹੋ ਜਾਂਦੀਆਂ ਹਨ। ਤੁਹਾਡੀ ਜਾਣਕਾਰੀ ਦੀ ਸਾਡੀ ਕਾਪੀ ਤੁਹਾਡੇ ਦੁਆਰਾ ਆਖ਼ਰੀ ਵਾਰ ਸਿਸਟਮ ਦੀ ਵਰਤੋਂ ਕਰਨ ਤੋਂ 20 ਮਿੰਟ ਬਾਅਦ ਆਪਣੇ ਆਪ ਮਿਟਾ ਦਿੱਤੀ ਜਾਂਦੀ ਹੈ। ਇਹ ਜਾਣਕਾਰੀ ਸਿਰਫ਼ ਤੁਹਾਨੂੰ ਸਾਡੀ ਵੈੱਬਸਾਈਟ ਦੇ ਸਿਸਟਮ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਵਿੱਚ ਮਦਦ ਕਰਨ ਲਈ ਵਰਤੀ ਜਾਂਦੀ ਹੈ, ਇਹ ਤੁਹਾਡੀਆਂ ਇੰਟਰਨੈੱਟ ਦੀਆਂ ਗਤੀਵਿਧੀਆਂ ਨੂੰ ਟ੍ਰੈਕ ਕਰਨ ਲਈ ਜਾਂ ਤੁਹਾਡੇ ਬਾਰੇ ਨਿੱਜੀ ਜਾਣਕਾਰੀ ਰਿਕਾਰਡ ਕਰਨ ਲਈ ਵਰਤੀ ਨਹੀਂ ਜਾਂਦੀ ਹੈ।

### *ਸਥਾਈ ਕੂਕੀਜ਼*

ਇਹ ਕੂਕੀਜ਼ ਇੱਕ ਨਿਰਧਾਰਤ ਸਮੇਂ ਤੱਕ ਮੌਜੂਦ ਰਹਿੰਦੀਆਂ ਹਨ (ਆਮ ਤੌਰ 'ਤੇ ਮੌਜੂਦਾ ਸੈਸ਼ਨ ਦੇ ਖ਼ਤਮ ਹੋਣ ਤੋਂ ਬਾਅਦ ਵੀ) ਅਤੇ ਉਸ ਤੋਂ ਬਾਅਦ ਆਪਣੇ ਆਪ ਮਿਆਦ ਪੂਰੀ ਹੋਣ 'ਤੇ ਖ਼ਤਮ ਹੋ ਜਾਂਦੀਆਂ ਹਨ।

## ਕੂਕੀਜ਼ ਦੀ ਗੁਪਤਤਾ

ਵਰਤੋਂਕਾਰਾਂ ਦੀ ਪਛਾਣ ਕਰਨ ਜਾਂ ਉਨ੍ਹਾਂ ਦੀ ਬ੍ਰਾਊਜ਼ਿੰਗ ਗਤੀਵਿਧੀ ਨੂੰ ਟ੍ਰੈਕ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾਵੇਗੀ, ਜਦ ਤੱਕ ਕਾਨੂੰਨੀ ਤੌਰ 'ਤੇ ਅਜਿਹਾ ਕਰਨ ਲਈ ਮਜ਼ਬੂਰ ਨਾ ਕੀਤਾ ਜਾਵੇ, ਉਦਾਹਰਨ ਵਜੋਂ, ਕਿਸੇ ਜਾਂਚ ਦੀ ਸਥਿਤੀ ਵਿੱਚ, ਜਿੱਥੇ ਕੋਈ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਵਾਰੰਟ ਅਧੀਨ ਇੰਟਰਨੈੱਟ ਸੇਵਾ ਪ੍ਰਦਾਤਾ ਦੀਆਂ ਲੌਗ ਫਾਈਲਾਂ ਦੀ ਜਾਂਚ ਕਰ ਸਕਦੀ ਹੈ।

ਤੁਸੀਂ ਆਪਣੇ ਬ੍ਰਾਊਜ਼ਰ 'ਤੇ ਢੁੱਕਵੀਆਂ ਸੈਟਿੰਗਾਂ ਦੀ ਚੋਣ ਕਰਕੇ ਕੂਕੀਜ਼ ਦੀ ਵਰਤੋਂ ਕਰਨ ਤੋਂ ਇਨਕਾਰ ਕਰ ਸਕਦੇ ਹੋ। ਹਾਲਾਂਕਿ, ਕਿਰਪਾ ਕਰਕੇ ਧਿਆਨ ਵਿੱਚ ਰੱਖੋ ਕਿ ਅਜਿਹਾ ਕਰਨ ਨਾਲ ਤੁਸੀਂ ਵੈੱਬਸਾਈਟ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਵਰਤ ਨਹੀਂ ਸਕੋਗੇ।

ਸਾਡੀ ਵੈੱਬਸਾਈਟ Google Analytics ਦੀ ਵਰਤੋਂ ਕਰਦੀ ਹੈ, ਜੋ ਕਿ ਇੱਕ ਸੇਵਾ ਹੈ ਜੋ ਵੈੱਬਸਾਈਟ ਦੇ ਟ੍ਰੈਫ਼ਿਕ ਡਾਟਾ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਸਥਿਤ Google ਸਰਵਰਾਂ ਤੱਕ ਭੇਜਦੀ ਹੈ। Google Analytics ਵਿਅਕਤੀਗਤ ਵਰਤੋਂਕਾਰਾਂ ਦੀ ਪਛਾਣ ਨਹੀਂ ਕਰਦਾ ਹੈ ਅਤੇ ਤੁਹਾਡੇ IP ਐਡਰੈੱਸ ਨੂੰ Google ਕੋਲ ਮੌਜੂਦ ਕਿਸੇ ਹੋਰ ਡੇਟਾ ਨਾਲ ਜੋੜਦਾ ਨਹੀਂ ਹੈ। ਅਸੀਂ ਵੈੱਬਸਾਈਟ ਟ੍ਰੈਫ਼ਿਕ ਅਤੇ ਵੈੱਬਪੇਜ ਵਰਤੋਂ ਨੂੰ ਸਮਝਣ ਵਿੱਚ ਸਾਡੀ ਮਦਦ ਕਰਨ ਲਈ Google Analytics ਦੁਆਰਾ ਪ੍ਰਦਾਨ ਕੀਤੀਆਂ ਗਈਆਂ ਰਿਪੋਰਟਾਂ ਦੀ ਵਰਤੋਂ ਕਰਦੇ ਹਾਂ।

ਇਸ ਵੈੱਬਸਾਈਟ ਦੀ ਵਰਤੋਂ ਕਰਕੇ, ਤੁਸੀਂ Google ਦੀ ਗੁਪਤਤਾ ਨੀਤੀ ਵਿੱਚ ਦੱਸੇ ਗਏ ਤਰੀਕੇ ਨਾਲ ਅਤੇ ਉੱਪਰ ਦੱਸੇ ਗਏ ਉਦੇਸ਼ਾਂ ਲਈ Google ਦੁਆਰਾ ਤੁਹਾਡੇ ਬਾਰੇ ਡੇਟਾ ਦੀ ਪ੍ਰਕਿਰਿਆ ਲਈ ਸਹਿਮਤੀ ਦਿੰਦੇ ਹੋ। ਜੇਕਰ ਤੁਸੀਂ ਕੂਕੀਜ਼ ਨੂੰ ਬੰਦ ਜਾਂ ਅਸਵੀਕਾਰ ਕਰਦੇ ਹੋ, JavaScript ਨੂੰ ਬੰਦ ਕਰਦੇ ਹੋ, ਜਾਂ Google ਦੁਆਰਾ ਪ੍ਰਦਾਨ ਕੀਤੀ ਗਈ ਔਪਟ-ਆਉਟ ਸੇਵਾ ਦੀ ਵਰਤੋਂ ਕਰਦੇ ਹੋ ਤਾਂ ਤੁਸੀਂ Google Analytics ਤੋਂ ਬਾਹਰ ਨਿਕਲ ਸਕਦੇ ਹੋ।